ਬੱਚਿਆਂ ਲਈ ਬਾਈਬਲ

ਉਪੱਸਥਿਤ



# ਇੱਕ ਮਨੁੱਖ ਦਾ ਪਰਮੇਸ਼ਵਰ ਦੁਆਰਾ ਭੇਜਿਆ ਜਾਣਾ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus
ਦੁਆਰਾ ਬਦਲਿਆ ਗਿਆ : E. Frischbutter; Sarah S.
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਇੱਕ ਦਿਨ ਜ਼ਕਰਯਾਹ ਨਾਂ ਦਾ ਇੱਕ ਬਿਰਧ ਯਾਜਕ ਪਰਮੇਸ਼ਵਰ ਦੀ ਹੈਕਲ ਵਿੱਚ ਧੂਪ ਧੁਖਾ ਰਿਹਾ ਸੀਂ। ਬਾਹਰ ਲੋਕ ਪ੍ਰਾਥਨਾ ਕਰ ਰਹੇ ਸਨ। ਅਚਾਨਕ ਜ਼ਕਰਯਾਹ ਘਬਰਾ ਗਿਆ।



ਇੱਕ ਦੂਤ ਆਇਆ ਅਤੇ ਉਸਨੇ ਕਿਹਾ, “ਨਾਂ ਡਰ, ਮੈਨੂੰ ਪਰਮੇਸ਼ਵਰ ਨੇਂ ਭੇਜਿਆ ਹੈ।” ਤੇਰੀ ਪਤਨੀ ਨੂੰ ਇੱਕ ਬੱਚਾ ਹੋਵੇਗਾ। ਉਸਨੂੰ ਯੂਹੰਨਾ ਸੱਦਣਾ। ਉਹ ਜਨਮ ਤੋਂ ਹੀ ਪਵਿੱਤਰ ਆਤਮਾਂ ਨਾਲ ਭਰ ਜਾਵੇਗਾ। ਉਹ ਬਹੁਤਿਆਂ ਲੋਕਾਂ ਨੂੰ ਪਰਮੇਸ਼ਵਰ ਵੱਲ ਮੋੜੇਗਾ।



ਜ਼ਕਰਯਾਹ, ਸਾਡੇ ਨਾਲ ਬੋਲ। ਬਾਹਰ ਖੜੇ ਲੋਕ ਉਲਝਣ ਵਿੱਚ ਸਨ।ਉਹ ਨਹੀਂ ਜਾਣਦੇ ਸਨ ਕਿ ਜ਼ਿਬਰਾਈਲ ਦੂਤ ਨੇ ਕਿਹਾ ਹੈ ਕਿ ਉਹ ਬੱਚੇ ਦੇ ਜਨਮ ਤੱਕ ਨਹੀਂ ਬੋਲ ਸਕਦਾ ਕਿਉਂਕਿ ਉਸਨੇਂ ਪਰਮੇਸ਼ਵਰ ਦੇ ਸੰਦੇਸ਼ ਤੇ ਵਿਸ਼ਵਾਸ਼ ਨਹੀਂ ਕੀਤਾ। ਉਸਨੇ ਸੋਚਿਆ ਕਿ ਉਸਦੀ ਪਤਨੀ ਬਹੁਤ ਬਿਰਧ ਸੀਂ, ਅਤੇ ਕਿਸ ਤਰ੍ਹਾਂ ਉਹ ਬੱਚਾ ਜਣੇਗੀ।



ਘਰ ਵਿੱਚ ਜ਼ਕਰਯਾਹ ਨੇਂ ਉਹ ਸਭ ਕੁਝ ਲਿਖ ਦਿੱਤਾ ਜਿਹੜਾ ਦੂਤ ਨੇਂ ਉਸਨੂੰ ਕਿਹਾ ਸੀਂ। ਉਸਦੀ ਪਤਨੀ ਇਲੀਸਬਤ ਹੈਰਾਨ ਹੋਈ। ਉਹ ਹਮੇਸ਼ਾ ਤੋਂ ਇੱਕ ਬੱਚੇ ਲਈ ਪ੍ਰਾਥਨਾ ਕਰਦੇ ਸੀਂ। ਕਿ ਇਹ ਹੁਣ ਹੋ ਸਕਦਾ ਸੀਂ?





ਜਲਦ ਹੀ ਇਲੀਸਬਤ
ਜਾਣ ਗਈ ਕੀ ਉਹ
ਗਰਭਵਤੀ ਹੈ। ਉਸਨੇਂ
ਪਰਮੇਸ਼ਵਰ ਦਾ ਧੰਨਵਾਦ
ਕੀਤਾ। ਇੱਕ ਦਿਨ
ਇਲੀਸਬਤ ਦੀ ਚਚੇਰੀ
ਭੈਣ ਮਰਿਯਮ ਮਿਲਣ
ਆਈ। ਮਰਿਯਮ ਵੀ
ਗਰਭਵਤੀ ਸੀਂ।



ਜਦੋਂ ਮਰਿਯਮ ਪਹੁੰਚੀ, ਤਾਂ ਇਲੀਸਬਤ ਨੂੰ ਮਹਿਸੂਸ ਹੋਇਆ ਕੀ ਬੱਚਾ ਉਸਦੇ ਪੇਟ ਵਿੱਚ ਉਛਲਿਆ। ਇਲੀਸਬਤ ਪਵਿੱਤਰ ਆਤਮਾਂ ਨਾਲ ਭਰ ਗਈ। ਉਹ ਜਾਣ ਗਈ ਕੀ ਮਰਿਯਮ ਦਾ ਬੱਚਾ ਹੀ ਪ੍ਰਭੂ ਯਿਸੂ ਮਸੀਹ ਹੋਵੇਗਾ। ਦੋਨਾਂ ਔਰਤਾਂ ਨੇਂ ਮਿਲ ਕੇ ਪਰਮੇਸ਼ਵਰ ਦਾ ਖੁਸ਼ੀ ਨਾਲ ਧੰਨਵਾਦ ਕੀਤਾ।

ਜਿਸ ਤਰ੍ਹਾਂ ਪਰਮੇਸ਼ਵਰ ਨੇਂ ਵਾਇਦਾ ਕੀਤਾ ਸੀਂ ਇਲੀਸਬਤ ਬੱਚਾ ਜਣੀ। ਬਾਕੀ ਯਾਜਕਾਂ ਨੇ ਆਖਿਆ, "ਜੋ ਨਾਮ ਇਸਦੇ ਪਿਤਾ ਦਾ ਹੈ, ਇਹ ਵੀ ਜ਼ਕਰਯਾਹ ਕਹਾਏਗਾ।" ਜ਼ਕਰਯਾਹ ਨੂੰ ਪਰਮੇਸ਼ਵਰ ਦੀ ਆਗਿਆ ਯਾਦ ਆਈ। ਨਹੀਂ! ਇਸ ਦਾ ਨਾਂ ਯੂਹੰਨਾ ਹੈ। ਜਦ ਜ਼ਕਰਯਾਹ ਨੇਂ ਉਹ ਸ਼ਬਦ ਲਿਖੇ, ਤਾਂ ਉਸਦੀ ਜ਼ੁਬਾਨ ਖੁਲ ਗਈ। ਤਦ ਉਸਨੇਂ ਪਰਮੇਸ਼ਵਰ ਦਾ ਧੰਨਵਾਦ ਕੀਤਾ।



ਜਦ ਯੂਹੰਨਾ ਵੱਡਾ ਹੋਇਆ ਤਾਂ ਉਹ ਏਲੀਆਹ ਵਰਗਾ ਸੀਂ, ਪਰਮੇਸ਼ਵਰ ਦਾ ਮਹਾਨ ਵਿਅਕਤੀ। ਯੂਹੰਨਾ ਨੇਂ ਲੋਕਾਂ ਨੂੰ ਦੱਸਿਆ ਕੀ ਮਸੀਹਾ ਜਲਦ ਤੁਹਾਨੂੰ ਆਸ਼ੀਸ਼ ਦੇਣ ਆ ਰਿਹਾ ਹੈ। ਯਹੂਦੀ ਅਗੁਵੇ ਯੂਹੰਨਾ ਤੋਂ ਨਫਰਤ ਕਰਦੇ ਸਨ ਕਿਉਂਕਿ ਉਹ ਉਹਨਾਂ ਨੂੰ “ਪਛਚਾਤਾਪ” ਅਤੇ ਗੁਨਾਹਾਂ ਨੂੰ ਛੱਡਣ ਲਈ ਕਹਿੰਦਾ ਸੀਂ। ਉਹ ਆਪਣੇ ਗੁਨਾਹਾਂ ਦੇ ਬਾਰੇ ਸੁਣਨਾਂ ਨਹੀਂ ਚਾਹੁੰਦੇ ਸਨ।



ਕੁਝ ਉਸਨੂੰ ਯੂਹੰਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਸਨ ਕਿਉਂਕਿ ਉਹ ਲੋਕਾਂ ਨੂੰ ਪਾਣੀ ਵਿੱਚ ਡੂਬੋਣ ਦੇ ਦੁਆਰਾ ਦੱਸਦਾ ਸੀਂ ਕੀ ਉਹ ਆਪਣੇ ਪਾਪਾਂ ਲਈ ਸ਼ਰਮਿੰਦੇ ਹਨ। ਇੱਕ ਦਿਨ ਯਿਸੂ ਬਪਤਿਸਮਾਂ ਲੈਂਣ ਲਈ ਯੂਹੰਨਾ ਕੋਲ ਆਇਆ। ਯੂਹੰਨਾ ਨੇਂ ਉਸਨੂੰ ਇਹ ਕਹਿਕੇ ਰੋਕਿਆ, "ਤੈਂ ਮੈਨੂੰ ਬਪਤਿਸਮਾਂ ਦੇਹ"। ਪਰ ਯਿਸੂ ਨੇਂ ਕਿਹਾ, "ਹੁਣ ਇਸੇ ਤਰ੍ਹਾਂ ਹੋਣ ਦੇਹ"। ਅਤੇ ਯੂਹੰਨਾ ਨੇਂ ਉਸਨੂੰ ਬਪਤਿਸਮਾਂ ਦੇ ਦਿੱਤਾ।



ਯਿਸੂ ਦੇ ਬਪਤਿਸਮਾਂ ਲੈਂਣ ਤੋਂ ਬਾਅਦ, ਯੂਹੰਨਾ ਨੇਂ ਪਵਿੱਤਰ ਆਤਮਾ ਕਬੂਤਰ ਦੇ ਦੁਆਰਾ ਯਿਸੂ ਤੇ ਉਤਰਦਾ ਡਿੱਠਾ। ਇਹ ਪਰਮੇਸ਼ਵਰ ਦੁਆਰਾ ਚਿੰਨ ਸੀਂ। ਯੂਹੰਨਾ ਜਾਣ ਗਿਆ ਕੀ ਯਿਸੂ ਹੀ ਪਰਮੇਸ਼ਵਰ ਦਾ ਪੁੱਤਰ ਸੀਂ। ਯੂਹੰਨਾ ਨੇਂ ਯਿਸੂ ਨੂੰ ਆਖਿਆ, ਉਹ ਵੇਖੋ ਪਰਮੇਸ਼ਵਰ ਦਾ ਲੇਲਾ ਜਿਹੜਾ ਜਗਤ ਦੇ ਪਾਪ ਚੁੱਕ ਕੇ ਲੈ ਜ਼ਾਂਦਾ ਹੈ।



ਯੂਹੰਨਾ ਬਹੁਤ ਲੋਕਾਂ ਨੂੰ ਪਰਮੇਸ਼ਵਰ ਵੱਲ ਲਿਆਇਆ। ਪਰ ਹੈਰੋਦੇਸ ਨੇਂ ਜੋ ਕੀ ਬੁਰਾ ਰਾਜਾ ਸੀਂ, ਯੂਹੰਨਾ ਨੂੰ ਜ਼ੇਲ ਭੇਜਿਆ। ਕਿਉਂਕਿ ਯੂਹੰਨਾ ਨੇਂ ਹੈਰੋਦੇਸ ਨੂੰ ਕਿਹਾ ਸੀਂ, ਇਹ ਉਸਦੇ ਲਈ ਪਾਪ ਹੈ ਕੀ ਉਸਨੇਂ ਅਪਣੇ ਭਾਈ ਦੀ ਪਤਨੀਂ ਹੈਰੋਦਿਆਸ ਨੂੰ ਆਪਣੀ ਪਤਨੀਂ ਕਰ ਲਿਆ ਹੈ। ਹੇਰੋਦੇਸ ਇਹ ਸਚਾਈ ਜਾਂਣਦਾ ਸੀਂ। ਉਹ ਜਾਂਣਦਾ ਸੀਂ ਕੀ ਯੂਹੰਨਾ ਪਰਮੇਸ਼ਵਰ ਦਾ ਸੇਵਕ ਅਤੇ ਇੱਕ ਪਵਿੱਤਰ ਮਨੁੱਖ ਹੈ। ਪਰ ਉਹ ਪਾਪ ਕਰਨੇ ਛੱਡਣਾ ਨਹੀਂ ਚਾਹੁੰਦਾ ਸੀਂ। ਅਤੇ ਯੂਹੰਨਾ ਪਾਪਾਂ ਦੇ ਖਿਲਾਫ ਪਰਚਾਰ ਬੰਦ ਨਹੀਂ ਕਰੇਗਾ, ਭਾਂਵੇ ਉਸਨੂੰ ਜ਼ੇਲ ਜਾਣਾਂ ਪਵੇ।



ਹੈਰੋਦੇਸ ਨੇਂ ਆਪਣੇਂ ਜਨਮ ਦਿਵਸ ਤੇ ਇੱਕ ਵੱਡਾ ਭੋਜ ਕੀਤਾ। ਹੈਰੋਦਿਆਸ ਦੀ ਬੇਟੀ ਨੇਂ ਉਸਦੇ ਲਈ ਨੱਚਿਆ। ਉਸ ਨਾਲ ਹੈਰੋਦੇਸ ਖੁਸ਼ ਹੋਇਆ। ਉਸਨੇਂ ਵਾਇਦਾ ਕੀਤਾ, “ਜੋ ਕੁਝ ਤੈਂ ਮੰਗੇਗੀ, ਉਹ ਮੈਂ ਦਿਆਗਾ”, ਭਾਂਵੇ ਅੱਧਾ ਰਾਜਪਾਠ।





ਲੜਕੀ ਹੈਰਾਨ ਹੋਈ, “ਮੈਨੂੰ ਕੀ ਮੰਗਣਾ ਚਾਹੀਦਾ ਹੈ।” ਉਸਦੀ ਦੁਸ਼ਟ ਮਾਂ ਹੈਰੋਦਿਆਸ ਜੋ ਯੂਹੰਨਾ ਤੋਂ ਨਫਰਤ ਕਰਦੀ ਸੀਂ, ਉਸਨੂੰ ਜੋ ਮੰਗਣ ਲਈ ਕਿਹਾ! ਉਹ ਬਹੁਤ ਭਿਆਨਕ ਸੀਂ!

ਲੜਕੀ ਨੇਂ ਆਖਿਆ, “ਮੈਂਨੂੰ ਯੂਹੰਨਾ ਬਪਤਿਸਮਾਂ ਦੇਣ ਵਾਲੇ ਦਾ ਸਿਰ ਥਾਲੀ ਵਿੱਚ ਦੇਹ।” ਉਹ ਆਪਣੇ ਵਾਇਦੇ ਲਈ ਸ਼ਰਮਿੰਦਾ ਸੀਂ, ਪਰ ਪ੍ਰਭਾਵਕਾਰੀ ਦੇ ਕਾਰਣ ਤੋੜ ਨਹੀ ਸਕਦਾ ਸੀਂ। ਹੈਰੋਦੇਸ ਨੇਂ ਆਦੇਸ਼ ਦਿੱਤਾ, “ਯੂਹੰਨਾ ਦਾ ਸਿਰ ਕੱਟ ਕੇ ਇੱਥੇ ਲਿਆਂਦਾ ਜਾਵੇ।” ਉਸਦੇ ਸਿਪਾਹੀਆਂ ਨੇ ਉਸਦੀ ਆਗਿਆ ਮੰਨੀਂ।



ਯੂਹੰਨਾ ਦੇ ਮਿੱਤਰਾਂ ਨੇਂ
ਪਰਮੇਸ਼ਵਰ ਦੇ ਵਿਸ਼ਵਾਸ਼ ਯੋਗ
ਅਤੇ ਨਿਡਰ ਸੇਵਕ ਦੇ ਸਰੀਰ
ਨੂੰ ਦੁੱਖ ਨਾਲ ਦਫਨਾਇਆ।
ਹੁਣ ਯੂਹੰਨਾ ਦਾ ਕੰਮ
ਪਰਮੇਸ਼ਵਰ ਲਈ ਖਤਮ
ਹੋ ਗਿਆ ਸੀਂ। ਸ਼ਾਇਦ
ਉਹ ਜਾਣ ਗਏ ਕੀ ਹੁਣ
ਯਿਸੂ ਹੀ ਉਹਨਾਂ ਨੂੰ
ਪਰੇਸ਼ਾਨੀਂ ਵਿੱਚ
ਆਸਰਾ ਦੇਵੇਗਾ।



# ਇੱਕ ਮਨੁੱਖ ਦਾ ਪਰਮੇਸ਼ਵਰ ਦੁਆਰਾ ਭੇਜਿਆ ਜਾਣਾ

ਇਹ ਕਹਾਣੀ ਪਰਮੇਸ਼ੁਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮਰਕੁਸ ਦੀ ਇੰਜੀਲ 6, ਲੂਕਾ ਦੀ ਇੰਜੀਲ 1, 3

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16